**media release**

4 ਦਸੰਬਰ 2018

# ਰੋਏਨਾ ਸੈਨਟੋਸ ਦੀ ਨਿਯੁਕਤੀ ਵਾਧੂ ਰੀਜਨਲ ਕਾਉਂਸਲਰ ਦੇ ਤੌਰ ਤੇ ਕੀਤੀ ਗਈ

ਬ੍ਰੈਂਪਟਨ, ਓਨਟੈਰੀਓ – ਅੱਜ ਹੋਈ ਖਾਸ ਮੀਟਿੰਗ ਵਿੱਚ, ਬ੍ਰੈਂਪਟਨ ਸਿਟੀ ਕਾਉਂਸਿਲ (Brampton City Council) ਨੇ ਆਫਿਸ ਦੀ 2018-2022 ਦੀ ਟਰਮ ਲਈ ਪੀਲ ਰੀਜਨਲ ਕਾਉਂਸਿਲ (Peel Regional Council) ਵਿੱਚ ਵਾਧੂ ਰੀਜਨਲ ਕਾਉਂਸਲਰ (Regional Councillor) ਦੇ ਤੌਰ ਤੇ ਸੇਵਾ ਦੇਣ ਲਈ ਸਿਟੀ ਕਾਉਂਸਲਰ ਰੋਏਨਾ ਸੈਨਟੋਸ (Rowena Santos) (ਵਾਰਡਸ 1 ਅਤੇ 5 ਲਈ) ਨੂੰ ਨਿਯੁਕਤ ਕੀਤਾ ਹੈ।

ਕਾਉਂਸਲਰ ਰੋਏਨਾ ਸੈਨਟੋਸ 6 ਦਸੰਬਰ, 2018 ਨੂੰ ਪੀਲ ਰੀਜਨਲ ਕਾਉਂਸਿਲ ਦੀ ਉਦਘਾਟਨ ਮੀਟਿੰਗ (Inaugural Meeting) ਵਿੱਚ ਰੀਜਨਲ ਕਾਉਂਸਲਰ ਵਜੋਂ ਰਸਮੀ ਤੌਰ ਤੇ ਸਹੁੰ ਚੁੱਕਣਗੇ।

2005 ਵਿੱਚ, ਸੂਬਾਈ ਸਰਕਾਰ ਨੇ ਬਿਲ 186 (Bill 186) ਪੇਸ਼ ਕੀਤਾ ਸੀ, ਜਿਸ ਨੇ ਇੱਕ ਮੈਂਬਰ ਦੁਆਰਾ ਪੀਲ ਕਾਉਂਸਿਲ ਵਿੱਚ ਬ੍ਰੈਂਪਟਨ ਦੀ ਨੁਮਾਇੰਦਗੀ (ਮੇਅਰ, ਪੰਜ ਰੀਜਨਲ ਕਾਉਂਸਲਰ ਅਤੇ ਇੱਕ ਵਾਧੂ ਕਾਉਂਸਲਰ) ਵਧਾ ਦਿੱਤੀ ਸੀ। ਵਾਧੂ ਰੀਜਨਲ ਕਾਉਂਸਲਰ ਦੀ ਨਿਯੁਕਤੀ ਸਿਟੀ ਕਾਉਂਸਿਲ ਵੱਲੋਂ ਮਿਊਨਿਸਿਪਲ ਚੋਣਾਂ ਤੋਂ ਬਾਅਦ ਚੁਣੇ ਗਏ ਪੰਜ ਸਿਟੀ ਕਾਉਂਸਲਰਾਂ ਵਿਚੋਂ ਕੀਤੀ ਗਈ ਹੈ। ਉਹ ਵਿਅਕਤੀ, ਸਿਟੀ ਅਤੇ ਰੀਜਨਲ ਕਾਉਂਸਲ ਦੇ ਮੈਂਬਰ ਦੇ ਤੌਰ ਤੇ ਬੈਠੇਗਾ।

ਸਿਟੀ ਕਾਉਂਸਿਲ ਨੇ ਸਟਾਫ ਨੂੰ ਉਹਨਾਂ ਹੋਰ ਸੰਭਾਵੀ ਮੌਕਿਆਂ ਦੀ ਜਾਂਚ ਕਰਨ ਲਈ ਵੀ ਬੇਨਤੀ ਕੀਤੀ, ਜਿਹਨਾਂ ਨਾਲ ਵਾਧੂ ਰੀਜਨਲ ਕਾਉਂਸਲਰ ਦੀ ਨਿਯੁਕਤੀ, ਪੂਰੀ ਟਰਮ ਦੀ ਬਜਾਏ, ਕਾਉਂਸਿਲ ਦੇ ਦਫਤਰ ਵਿੱਚ ਵਾਰੀ (Rotation) ਦੇ ਆਧਾਰ ਤੇ ਕੀਤੀ ਜਾ ਸਕੇ ਅਤੇ ਵਾਧੂ ਰੀਜਨਲ ਕਾਉਂਸਿਲ ਦੀ ਭੂਮਿਕਾ ਨੂੰ ਪੂਰਾ ਕਰਨ ਲਈ, ਇੱਕ ਤੋਂ ਵੱਧ ਸਿਟੀ ਕਾਉਂਸਲਰਾਂ ਨੂੰ ਇਜਾਜ਼ਤ ਮਿਲ ਸਕੇ।

ਇਸਤੋਂ ਇਲਾਵਾ, ਸਿਟੀ ਕਾਉਂਸਿਲ ਨੇ 2018-2022 ਦੀ ਟਰਮ ਲਈ ਰੀਜਨ ਆਫ ਪੀਲ ਕਾਉਂਸਿਲ (Region of Peel Council) ਵਿੱਚ ਬ੍ਰੈਂਪਟਨ ਰੀਜਨਲ ਕਾਉਂਸਲਰ ਦੀ ਅਸਥਾਈ ਗੈਰਹਾਜ਼ਰੀ ਦੀ ਸਥਿਤੀ ਵਿੱਚ, ਵਿਕਲਪਿਕ ਰੀਜਨਲ ਕਾਉਂਸਲਰ ਵਜੋਂ ਸਿਟੀ ਕਾਉਂਸਲਰ ਹਰਕੀਰਤ ਸਿੰਘ (Harkirat Singh) ਦੀ ਨਿਯੁਕਤੀ ਕੀਤੀ ਹੈ।

**ਹਵਾਲੇ**

"ਤੇਜ਼ੀ ਨਾਲ ਵਧਦੇ ਸ਼ਹਿਰ ਦੇ ਤੌਰ ਤੇ, ਬ੍ਰੈਂਪਟਨ ਦੀ ਰੀਜਨ ਆਫ ਪੀਲ ਵਿੱਚ ਨਿਭਾਉਣ ਲਈ ਇੱਕ ਮਹੱਤਵਪੂਰਨ ਭੂਮਿਕਾ ਹੈ। ਰੀਜਨ ਵਿੱਚ ਵੱਧ ਮਜ਼ਬੂਤ ਮੌਜੂਦਗੀ ਦੇ ਨਾਲ, ਬ੍ਰੈਂਪਟਨ ਉਹਨਾਂ ਮੁੱਦਿਆਂ ਤੇ ਰੀਜਨਲ ਅਰਥਚਾਰੇ ਦੇ ਭਵਿੱਖ ਨੂੰ ਬਿਹਤਰ ਬਣਾਉਣ ਵਿੱਚ ਮਦਦ ਕਰੇਗਾ, ਜੋ ਸਾਡੀ ਸਿਟੀ ਲਈ ਮਹੱਤਵਪੂਰਨ ਹਨ, ਜਿਵੇਂ ਕਿ ਕਮਿਊਨਿਟੀ ਪਾਲਿਸਿੰਗ ਬਣਾਉਣਾ ਅਤੇ ਸੁਰੱਖਿਆ, ਪੁੱਜਣਯੋਗ ਘਰ ਅਤੇ ਨੌਕਰੀਆਂ ਦੇ ਮੌਕੇ। ਮੈਨੂੰ ਯਕੀਨ ਹੈ ਕਿ ਇਸ ਮਜ਼ਬੂਤ ਵਾਧੂ ਆਵਾਜ਼ ਦੇ ਨਾਲ, ਕਾਉਂਸਲਰ ਸੈਨਟੋਸ ਦਾ ਨੀਤੀ ਸਬੰਧੀ ਵਿਸ਼ਾਲ ਅਨੁਭਵ ਅਤੇ ਬ੍ਰੈਂਪਟਨ ਦੀ ਮੁੱਖ ਨੀਤੀ ਸਬੰਧੀ ਲੋੜਾਂ ਦੀ ਸਮਝ, ਬ੍ਰੈਂਪਟਨ ਦੇ ਨਿਵਾਸੀਆਂ ਲਈ ਸਾਡੀ ਟੀਮ ਦੇ ਟੀਚਿਆਂ ਦਾ ਸਮਰਥਨ ਕਰੇਗੀ। ਮੈਨੂੰ ਬਹੁਤ ਮਾਣ ਹੈ ਕਿ ਉਹ ਬ੍ਰੈਂਪਟਨ ਸਿਟੀ ਕਾਉਂਸਿਲ ਵਿੱਚ ਚੁਣੀ ਗਈ ਪਹਿਲੀ ਫਿਲੀਪੀਨੋ ਕੈਨੇਡੀਅਨ (Filipino Canadian) ਹਨ।"

- *ਮੇਅਰ ਪੈਟਰਿਕ ਬ੍ਰਾਊਨ (Patrick Brown)*

**BRAMPTON Flower City** brampton.ca

**media release**

"ਮੈਨੂੰ ਰੀਜਨਲ ਕਾਉਂਸਲਰ ਵਜੋਂ ਨਿਯੁਕਤ ਹੋਣ ਤੇ ਮਾਣ ਹੈ ਅਤੇ ਮੈਂ ਬ੍ਰੈਂਪਟਨ ਦੀਆਂ ਰੁਚੀਆਂ ਦੀ ਹਿਮਾਇਤ ਕਰਨ ਲਈ ਉਤਸ਼ਾਹਿਤ ਹਾਂ। ਰੀਜਨਲ ਜ਼ਿੰਮੇਵਾਰੀਆਂ, ਜਿਹਨਾਂ ਵਿੱਚ ਸ਼ਾਮਲ ਹਨ, ਸਮਾਜ, ਘਰ, ਪੁਲਿਸ ਅਤੇ ਪੈਰਾਮੈਡਿਕ ਸੇਵਾਵਾਂ, ਪਾਣੀ ਅਤੇ ਕੂੜਾ ਪ੍ਰਬੰਧਨ ਪ੍ਰੋਗਰਾਮਾਂ ਦਾ ਜੀਵਨ ਕੁਆਲਿਟੀ ਤੇ ਅਸਰ ਪੈਂਦਾ ਹੈ ਅਤੇ ਮੈਂ ਇਹ ਯਕੀਨੀ ਬਣਾਉਣ ਲਈ ਵਚਨਬੱਧ ਹਾਂ ਕਿ ਸਾਡੇ ਨਿਵਾਸੀਆਂ ਦੀ ਰਾਏ ਸੁਣੀ ਜਾਂਦੀ ਹੈ।"

- *ਰੀਜਨਲ ਕਾਉਂਸਲਰ ਰੋਏਨਾ ਸੈਨਟੋਸ (Rowena Santos)*

-30-

**ਬ੍ਰੈਂਪਟਨ ਵੱਡਾ ਸੋਚ ਰਿਹਾ ਹੈ।** ਅਸੀਂ ਪੂਰੀ ਇਕਾਗਰਤਾ ਦੇ ਨਾਲ ਭਵਿੱਖ ਲਈ ਤਿਆਰ ਸੰਗਠਨ ਹਾਂ। ਅਸੀਂ ਜਾਣਦੇ ਹਾਂ ਕਿ ਸਾਡੇ ਭਾਈਚਾਰੇ ਵਿੱਚ ਵਾਧਾ, ਨੌਜਵਾਨ ਅਤੇ ਵਿਵਿਧਤਾ ਸਾਨੂੰ ਵੱਖਰਾ ਬਣਾਉਂਦੇ ਹਨ। ਨਿਵੇਸ਼ ਨੂੰ ਉਤਸ਼ਾਹਿਤ ਕਰਦੇ ਹੋਏ ਅਤੇ ਆਪਣੀ ਵਿਸ਼ਵ-ਵਿਆਪੀ ਸਫਲਤਾ ਨੂੰ ਅੱਗੇ ਵਧਾਉਂਦੇ ਹੋਏ, ਅਸੀਂ ਕੈਨੇਡਾ ਦੇ ਨਵੀਨਤਾਕਾਰੀ ਸੁਪਰ ਲਾਂਘੇ ਦੇ ਕੇਂਦਰ ਵਿੱਚ ਸਥਿਤ ਹਾਂ। ਅਸੀਂ ਜੋਸ਼ੀਲੇ ਸ਼ਹਿਰੀ ਕੇਂਦਰਾਂ ਦਾ ਨਿਰਮਾਣ ਕਰ ਰਹੇ ਹਾਂ ਜੋ ਮੌਕੇ ਪੈਦਾ ਕਰਦੇ ਹਨ ਅਤੇ ਇੱਥੇ ਰਹਿਣ ਅਤੇ ਕੰਮ ਕਰਨ ਵਾਲੇ ਲੋਕਾਂ ਵਿੱਚ ਮਾਣ ਭਰਦੇ ਹਨ। ਅਜਿਹਾ ਜੁੜਿਆ ਹੋਇਆ ਸ਼ਹਿਰ ਬਣਨ ਲਈ ਬ੍ਰੈਂਪਟਨ ਨੂੰ ਅੱਗੇ ਲਿਜਾ ਰਹੇ ਹਾਂ, ਜੋ ਸਭ ਨੂੰ ਸ਼ਾਮਲ ਕਰਨ ਵਾਲਾ, ਬੇਬਾਕ ਅਤੇ ਨਵੀਨਤਾਕਾਰੀ ਹੋਵੇ। ਸਾਨੂੰ Twitter, Facebook ਅਤੇ Instagram 'ਤੇ ਫਾਲੋ ਕਰੋ। www.brampton.ca 'ਤੇ ਹੋਰ ਜਾਣੋ।


**ਮੀਡੀਆ ਸੰਪਰਕ**

ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਉਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca